## ਭਗਤ ਰਵਿਦਾਸ - ਸਬਦ ੨੪

### ਨਾਥ ਕਛੂਅ ਨ ਜਾਨਉ ॥

### ਰਾਗੁ ਜੈਤਸਰੀ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੭੧੦

ਨਾਥ ਕਛੂਅ ਨ ਜਾਨਉ ॥
ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥
ਜਤ ਦੇਖਉ ਤਤ ਦੁਖ ਕੀ ਰਾਸੀ ॥
ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥੩॥
ਗੋਤਮ ਨਾਰਿ ਉਮਾਪਤਿ ਸ੍ਵਾਮੀ ॥
ਸੀਸੁ ਧਰਨਿ ਸਹਸ ਭਗ ਗਾਂਮੀ ॥੪॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥

ਸਾਰ: ਜਦੋਂ ਸਵੈ-ਚਿੰਤਨ ਹਉਮੈ ਨੂੰ ਚੁਣੌਤੀ ਦਿੰਦਾ ਹੈ, ਤਾਂ ਇਸ ਦੀ ਪਹਿਲੀ ਪ੍ਰਵਿਰਤੀ ਆਪਣੇ ਬਚਾ ਲਈ ਤਬਦੀਲੀ ਦਾ ਵਿਰੋਧ ਕਰਦੀ ਹੈ, ਤਾਂ ਜੋ ਇਹ ਹਕੀਕਤ ਤੋਂ ਬਚਦੀ ਹੋਈ ਭਰਮਾਂ ਨਾਲ ਜੁੜੀ ਰਹਿ ਸਕੇ। ਸਾਡੀ ਮਨੋਬਿਰਤੀ ਨੂੰ ਉਨ੍ਹਾਂ ਬਿਰਤਾਂਤਾਂ ਅਤੇ ਧਾਰਨਾਵਾਂ ਨਾਲ ਬੰਨ੍ਹੀ ਰੱਖਣ ਲਈ ਸਿਰਫ਼ ਲਗਾਵ, ਜ਼ਰੂਰਤ, ਡਰ ਦੀ ਲੋੜ ਹੁੰਦੀ ਹੈ ਜਿਨ੍ਹਾਂ ਦਾ ਭਾਰ ਉਠਾਉਂਦੇ ਹੋਏ ਅਸੀਂ ਦੁੱਖਾਂ ਨੂੰ ਸਹੇੜ ਲੈਂਦੇ ਹਾਂ। ਇਨ੍ਹਾਂ ਬੰਧਨਾਂ ਤੋਂ ਆਜ਼ਾਦੀ ਉਸ ਪਲ ਸ਼ੁਰੂ ਹੁੰਦੀ ਹੈ ਜਦੋਂ ਅਸੀਂ ਜਾਣ ਜਾਂਦੇ ਹਾਂ ਕਿ ਸਾਡੇ ਕਰਮਾਂ ਅਤੇ ਇਰਾਦਿਆਂ ਨੂੰ ਕੀ ਸੰਚਾਲਿਤ ਕਰਦਾ ਹੈ, ਅਤੇ ਜੋ ਪ੍ਰਮਾਣਿਕ ਨਹੀਂ ਹੈ ਉਸਨੂੰ ਛੱਡ ਦਿੰਦੇ ਹਾਂ। ਇਹ ਸਮਰਪਣ ਕੋਈ ਕਮਜ਼ੋਰੀ

ਨਹੀਂ ਹੈ ਸਗੋਂ ਭਰਮਾਂ ਦਾ ਪਿੱਛਾ ਨਾ ਕਰਨ ਅਤੇ ਦੁੱਖ ਨੂੰ ਸ਼ਾਂਤ, ਸਹਿਜਤਾ ਵਿਚ ਭੰਗ ਕਰਨ ਦਾ ਦਲੇਰਾਨਾ ਫੈਸਲਾ ਹੈ ਜੋ ਸਾਡੇ ਪ੍ਰਮਾਣਿਕ ਸਵੈ ਦੀ ਅੰਤਰੀਵੀ ਘਰ ਵਾਪਸੀ ਵਾਂਗ ਮਹਿਸੂਸ ਹੁੰਦਾ ਹੈ।

ਨਾਥ ਕਛੂਅ ਨ ਜਾਨਉ ॥
ਹੇ ਸਰਵਵਿਆਪੀ ਮਾਲਕ, ਮੈਨੂੰ ਕੁਝ ਵੀ ਪਤਾ ਨਹੀਂ ਹੈ। ਸਰਬਵਿਆਪੀ ਸਤਾ ਨੂੰ ਸਮਝਣ ਵਿਚ ਬੋਧਾਤਮਕ ਸੀਮਾਵਾਂ ਦਾ ਇਹ ਨਿਮਰਤਾ ਸਹਿਤ ਇਕਬਾਲ ਇਸਦੀ ਵਿਸ਼ਾਲਤਾ ਦੀ ਪੜਚੋਲ ਕਰਨ ਦੀ ਖੋਜ ਨੂੰ ਉਜਾਗਰ ਕਰਦਾ ਹੈ।

ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥
ਮਨ ਨੇ ਆਪਣੇ ਆਪ ਨੂੰ ਭਰਮ ਦੇ ਹੱਥਾਂ ਵਿਚ ਵੇਚ ਦਿੱਤਾ ਹੈ। ਇਹ ਭਾਵ ਦਿਖਾਉਂਦਾ ਹੈ ਕਿ ਕਿਸੇ ਦੇ ਅੰਤਹਕਣ ਉਪਰ ਉਸਦਾ ਨਿਯੰਤਰਣ ਖਤਮ ਹੋ ਗਿਆ ਹੈ, ਜੋ ਛਿੰਨ ਭੰਗਰ ਇੰਦ੍ਰਿਆਵੀ ਆਵੇਗ ਦਾ ਆਪਣੀ ਮਰਜ਼ੀ ਨਾਲ ਗੁਲਾਮ ਬਣ ਬੈਠਾ ਹੈ। (੧)(ਠਹਿਰਾਉ)

ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
ਤੁਹਾਨੂੰ ਸਰਵਵਿਆਪੀ ਬਿਬੇਕ ਅਤੇ ਸਰਵਉੱਚ ਅਧਿਕਾਰ ਦਾ ਸਰੋਤ ਮੰਨਿਆ ਜਾਂਦਾ ਹੈ। ਇਹ ਸਾਡੀ ਅੰਤਰੀਵੀ ਜਾਗਰੂਕਤਾ ਨੂੰ ਸਾਡੀ ਮਾਨਸਿਕਤਾ ਅਤੇ ਹੋਂਦ ਲਈ ਅੰਤਮ ਮਾਰਗਦਰਸ਼ਕ ਵਜੋਂ ਸਵੀਕਾਰ ਕਰਦੀ ਹੈ।

ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
ਸਾਨੂੰ ਅਗਿਆਨਤਾ ਦੇ ਖੰਡ ਵਿਚ ਭੋਗੀ ਮੰਨਿਆ ਜਾਂਦਾ ਹੈ। ਇਹ ਹਮ ਨੂੰ ਵਿਰੋਧੀ ਅੰਤਹਕਰਣ ਵਜੋਂ ਅਤੇ ਕਲਜੁਗ ਨੂੰ ਨੁਕਸਾਨਦੇਹ ਮਨੋਬਿਰਤੀ ਵਜੋਂ ਪਛਾਣਦਾ ਹੈ, ਦੋਵੇਂ ਸਪੱਸ਼ਟਤਾ ਦੀ ਬਜਾਏ ਅਗਿਆਨਤਾ ਦੁਆਰਾ ਤ੍ਰਾਸ਼ੇ ਹੋਏ ਹਨ। (੧)

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥

ਇਨ੍ਹਾਂ ਪੰਜਾਂ ਤਾਕਤਾਂ ਨੇ ਮਨ ਨੂੰ ਭ੍ਰਿਸ਼ਟ ਕਰ ਵਿਗਾੜ ਦਿੱਤਾ ਹੈ। ਪੰਜ ਬੇਰੋਕ ਇੱਛਾਵਾਂ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਇੰਦ੍ਰਿਆਵੀ ਆਵੇਗਾਂ ਨੂੰ ਦਰਸਾਉਂਦੇ ਹਨ ਜੋ ਮਾਨਸਿਕ ਸੰਤੁਲਨ ਨੂੰ ਅਸਥਿਰ ਕਰਦੇ ਹਨ।

ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥

ਪਲ-ਪਲ, ਉਹ ਸਰਬ-ਵਿਆਪੀ ਏਕਤਾ ਤੋਂ ਵੱਖ ਹੋਣ ਦੀ ਭਾਵਨਾ ਪੈਦਾ ਕਰਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਜਾਗਰੂਕਤਾ ਤੋਂ ਟੁੱਟਣ ਦਾ ਹਰ ਪਲ ਏਕਤਾ ਦੇ ਪਾੜੇ ਨੂੰ ਵਧਾਉਂਦਾ ਹੈ। (੨)

ਜਤ ਦੇਖਉ ਤਤ ਦੁਖ ਕੀ ਰਾਸੀ ॥

ਮੈਂ ਜਿੱਧਰ ਵੀ ਦੇਖਦਾ ਹਾਂ, ਮੈਨੂੰ ਦੁੱਖਾਂ ਦੇ ਕਈ ਕਾਰਨ ਦਿਖਾਈ ਦਿੰਦੇ ਹਨ। ਇਹ ਇਸ ਸੂਝ ਨੂੰ ਉਜਾਗਰ ਕਰਦਾ ਹੈ ਕਿ ਇੰਦ੍ਰਿਆਵੀ ਇੱਛਾਵਾਂ 'ਤੇ ਕੇਂਦ੍ਰਿਤ ਮਨੋਬਿਰਤੀ ਅਟੱਲ ਤੌਰ 'ਤੇ ਅਸ਼ਾਂਤੀ ਦੀ ਪੀੜਾਮਈ ਅਵਸਥਾ ਦਾ ਨਤੀਜਾ ਹੋ ਨਿਬੜਦੀ ਹੈ।

ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥੩॥

ਭਾਵੇਂ ਰੂਹਾਨੀ ਗ੍ਰੰਥ ਇਸ ਸੱਚਾਈ ਦੇ ਗਵਾਹ ਹਨ, ਫਿਰ ਵੀ ਮਨ ਨੂੰ ਯਕੀਨ ਨਹੀਂ ਹੁੰਦਾ। ਪ੍ਰਮਾਣਿਕਤਾ ਦੇ ਬਾਵਜੂਦ ਇਹ ਹਉਮੈ ਦੁਆਰਾ ਵਿਸ਼ਵਵਿਆਪੀ ਗਿਆਨ ਤੋਂ ਇਨਕਾਰੀ ਹੋਣ ਦੀ ਬਿਰਤੀ ਨੂੰ ਉਜਾਗਰ ਕਰਦਾ ਹੈ। (੩)

ਗੋਤਮ ਨਾਰਿ ਉਮਾਪਤਿ ਸ੍ਵਾਮੀ ॥

ਗੌਤਮ ਰਿਸ਼ੀ ਦੀ ਪਤਨੀ ਅਤੇ ਉਮਾ ਦੇ ਪਤੀ ਵਰਗੀਆਂ ਪੌਰਾਣਿਕ ਹਸਤੀਆਂ ਦੀ ਉਦਾਹਰਨ ਵੀ ਇਹ ਦਰਸਾਉਂਦੀ ਹੈ ਕਿ ਪ੍ਰਤੀਕ ਰੂਪ ਵਿਚ ਵਰਤੀਆਂ ਗਈਆਂ ਇਹ ਕਥਾਵਾਂ ਸਪਸ਼ਟ ਕਰਦੀਆਂ ਹਨ ਕਿ ਕੋਈ ਵੀ ਦਰਜਾ ਜਾਂ ਮਹਾਨਤਾ ਕੁਦਰਤ ਦੇ ਨਿਯਮਾਂ ਅਤੇ ਮਨੋਵਿਗਿਆਨਕ ਕਮਜ਼ੋਰੀਆਂ ਤੋਂ ਮੁਕਤ ਨਹੀਂ ਹੁੰਦੀ।

ਸੀਸੁ ਧਰਨਿ ਸਹਸ ਭਗ ਗਾਂਮੀ ॥੪॥

ਧਰਤੀ ਨੂੰ ਸੰਭਾਲਣ ਵਾਲਾ ਪ੍ਰਤੀਕਾਤਮਕ ਸਿਰਮੌਰ ਦੇਵਤਾ ਇੰਦਰ ਵੀ ਬੁਰੀ ਪ੍ਰਵਿਰਤੀ ਕਾਰਨ ਹਜ਼ਾਰ ਨਿਸ਼ਾਨਾਂ ਵਾਲੇ ਸਰਾਪ ਦਾ ਭਾਗੀ ਬਣਿਆ। ਇਹ ਮਿਥਿਹਾਸਿਕ ਕਥਾ ਇਸ ਤੱਥ ਨੂੰ ਉਜਾਗਰ ਕਰਦੀ ਹੈ ਕਿ ਜੇ ਸਾਡੀ ਸੰਜਮਤਾ ਭੰਗ ਹੋ ਜਾਵੇ, ਤਾਂ ਬੇਲਗਾਮ ਵਾਸਨਾਵਾਂ ਵੀ ਬਿਬੇਕ ਦੀ ਸਿਰਮੌਰ ਅਵਸਥਾ ਨੂੰ ਵਿਗਾੜ ਸਕਦੀਆਂ ਹਨ। (੪)

ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥

ਇਨ੍ਹਾਂ ਦੈਂਤਾਂ ਨੇ ਮੈਨੂੰ ਮੂਰਖ ਬਣਾ ਬੰਧਨ ਵਿਚ ਪਾ ਦਿਤਾ ਹੈ, ਜਿਸ ਕਾਰਨ ਮੇਰਾ ਪਤਨ ਹੋ ਗਿਆ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਅਸੀਂ ਦਵੈਤ ਅਤੇ ਵਿਕਾਰਾਂ ਨੂੰ ਪ੍ਰਮੁੱਖਤਾ ਦੇ ਦਿੰਦੇ ਹਾਂ, ਤਾਂ ਸਾਡੀ ਹੋਂਦ ਆਤਮਿਕ ਮੌਤ ਦਾ ਸ਼ਿਕਾਰ ਹੋ ਜਾਂਦੀ ਹੈ।

ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥

ਹਉਮੈਂ ਇੰਨੀ ਨਿਰਲੱਜ ਹੈ ਕਿ ਉਹ ਹਾਰ ਨਹੀਂ ਸਵੀਕਾਰਦੀ। ਇਹ ਵਰਤਾਰਾ ਅਗਿਆਨਤਾ ਨਾਲ ਭਰੇ ਮਨ ਦੇ ਜਿੱਦਪੁਣੇ ਨੂੰ ਉਜਾਗਰ ਕਰਦਾ ਹੈ, ਜੋ ਇਸ ਦੁਆਰਾ ਪੈਦਾ ਕੀਤੀ ਹਫੜਾ-ਦਫੜੀ ਤੋਂ ਬਾਅਦ ਵੀ, ਆਪਣੀ ਮੁਢਲੀ ਰੰਗਤ ਵਾਲੀ ਮੂਲ ਪ੍ਰਵਿਰਤੀ ‘ਤੇ ਮੁੜ ਆਉਂਦਾ। (੫)

ਕਹਿ ਰਵਿਦਾਸ ਕਹਾ ਕੈਸੇ ਕੀਜੈ ॥

ਰਵਿਦਾਸ ਕਹਿੰਦੇ ਹਨ, ਮੈਨੂੰ ਇਸ ਬਾਰੇ ਗਿਆਤ ਕਰੋ ਕਿ ਇਸ ਅਵਸਥਾ ਤੋਂ ਬਾਹਰ ਕਿਵੇਂ ਆਇਆ ਜਾਵੇ। ਇਹ ਜਗਿਆਸਾ ਉਸ ਤੀਬਰਤਾ ਨੂੰ ਦਰਸਾਉਂਦੀ ਹੈ ਜੋ ਹਉਮੈਂ ਅਤੇ ਅਗਿਆਨਤਾ ਦੇ ਚੱਕਰ ਤੋਂ ਮੁਕਤ ਹੋਣਾ ਚਾਹੁੰਦੀ ਹੈ।

ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥

ਸਰਵ ਵਿਆਪਕ ਚੇਤਨਾ ਤੋਂ ਇਲਾਵਾ ਕੋਈ ਕਿਸਦੀ ਸ਼ਰਨ ਲੈ ਸਕਦਾ ਹੈ? ਇਹ ਸਾਨੂੰ ਇਸ ਅਹਿਸਾਸ ਵੱਲ ਲੈ ਜਾਂਦਾ ਹੈ ਕਿ ਹਉਮੈ ਦੀ ਪਕੜ ਤੋਂ ਮੁਕਤੀ ਦਾ ਇੱਕੋ ਇੱਕ ਰਸਤਾ ਕੁਦਰਤ ਦੇ ਨਿਯਮਾਂ ਨਾਲ ਪੂਰੀ ਇਕਸੁਰਤਾ ਵਿਚ ਨਹਿਤ ਹੈ। (੬)(੧)

ਤੱਤ: ਭਗਤ ਰਵਿਦਾਸ ਪੰਜ ਵਿਕਾਰਾਂ ਦੇ ਗੂੜ੍ਹ ਪ੍ਰਭਾਵ ਨੂੰ ਉਜਾਗਰ ਕਰਦੇ ਹੋਏ ਮਿਥਿਹਾਸ ਤੋਂ ਉਦਾਹਰਨਾਂ ਰਾਹੀਂ ਦੱਸਦੇ ਹਨ ਕਿ ਕਿਵੇਂ ਮਹਾਨ ਤੋਂ ਮਹਾਨ ਮਿਥਿਹਾਸਕ ਜਾਗਰੂਕ ਹਸਤੀਆਂ ਵੀ ਇਨ੍ਹਾਂ ਤਾਕਤਾਂ ਦੇ ਵੱਸ ਵਿਚ ਆ ਗਈਆਂ। ਉਹ ਹਉਮੈਂ ਦੀ ਅਸੰਗਤਤਾ ਉਪਰ ਜ਼ੋਰ ਦਿੰਦੇ ਹਨ ਜਿਹੜੀ ਦੁੱਖ ਭੋਗਣ ਦੇ ਬਾਵਜੂਦ ਵੀ ਆਪਣੇ ਇੰਦ੍ਰਿਆਵੀ ਭਰਮਾਂ ਨਾਲ ਪੂਰੀ ਜਿੱਦ ਨਾਲ ਚੰਬੜੀ ਰਹਿੰਦੀ ਹੈ। ਉਹ ਸਾਨੂੰ ਇਨ੍ਹਾਂ ਇੰਦ੍ਰਿਆਵੀ ਤਾਕਤਾਂ ਦੀ ਤੀਬਰਤਾ ਦਾ ਸਾਹਮਣਾ ਕਰਨ ਲਈ ਪ੍ਰੇਰਿਤ ਕਰਦੇ ਹਨ, ਜਿਸ ਲਈ ਸਾਨੂੰ ਮੁਹਾਰਤ ਅਤੇ ਇਨ੍ਹਾਂ ਦੀ ਨਿਸ਼ਾਨਦੇਹੀ ਕਰਨ ਦੀ ਲੋੜ ਹੁੰਦੀ ਹੈ; ਸਰਵਵਿਆਪਕ ਚੇਤਨਾ ਦੇ ਸਨਮੁਖ ਸਮਰਪਣ ਕਰਕੇ, ਅਸੀਂ ਹਉਮੈਂ ਤੋਂ ਅਸਲ ਮੁਕਤੀ ਪ੍ਰਾਪਤ ਕਰ ਸਕਦੇ ਹਾਂ।

---


ਪਹਿਲਕਦਮੀ

**Oneness In Diversity Research Foundation**


ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**